# ਬਲੈਤੀ ਬੈਜੋਂ



ਦੇਸੀ ਬਾਂਦਰੀ ਹੁਣ ਮਿਤਰੋ, ਬਲੈਤੀ BANJO ਵਜਾਵੇ ।
ਅੰਗਰੇਜੀ ਦੀ ਪਾਣ ਮਿਤਰੋ, ਪੰਜਾਬੀ ਨੂੰ ਚੱੜਦੀ ਜਾਵੇ ।

ਉਹ ਪਾਵੇ ਪਾਵੇ ਪਾਵੇ, ਉਹ ਪਾਵੇ ਪਾਵੇ ਪਾਵੇ ।
ਦੇਸੀ ਬਿਲੋ ਹੁਣ, ਝੂਠੀਆ ਸੌਹਾ ਵੀ ਅੰਗਰੇਜੀ ਵਿੱਚ ਖਾਵੇ ।
ਹਰ ਗੱਲ ਤੇ, **swear God swear God** ਕਰਦੀ ਜਾਵੇ ।
ਮੇਰੀ ਪੰਜਾਬੀ ਦਾ, ਉੱਹ ਲੋਕੋ ਜਲੂਸ ਨਿਕਲਦਾ ਜਾਵੇ ।

ਦੇਸੀ ਬਾਂਦਰੀ ਹੁਣ ਮਿਤਰੋ, ਬਲੈਤੀ BANJO ਵਜਾਵੇ ।
ਅੰਗਰੇਜੀ ਦੀ ਪਾਣ ਮਿਤਰੋ, ਪੰਜਾਬੀ ਨੂੰ ਚੱੜਦੀ ਜਾਵੇ ।

ਉਹ ਪਾਵੇ ਪਾਵੇ ਪਾਵੇ, ਉਹ ਪਾਵੇ ਪਾਵੇ ਪਾਵੇ ।
ਭੁੱਲ ਕੇ ਚਰਖੇ ਨੂੰ, ਚੈਟ **internet** ਤੇ ਕਰਦੀ ਜਾਵੇ ।
ਚਾਲੀ ਸਾਲਾ ਦੀ ਬੇਬੇ ਵੀ, **baby** 16 ਸਾਲ ਦੀ ਦੱਸੀ ਜਾਵੇ ।
ਹਰ ਗੱਲ ਤੇ, ਐਮੇ ਹੀ **LOL-LOL** ਲਿੱਖੀ ਜਾਵੇ ।
ਮੇਰੀ ਪੰਜਾਬੀ ਨੂੰ, ਉਹ ਲੋਕੋ ਹੁਣ ਕੌਣ ਬਚਾਵੇ ।

ਦੇਸੀ ਬਾਂਦਰੀ ਹੁਣ ਮਿਤਰੋ, ਬਲੈਤੀ BANJO ਵਜਾਵੇ ।
ਅੰਗਰੇਜੀ ਦੀ ਪਾਣ ਮਿਤਰੋ, ਪੰਜਾਬੀ ਨੂੰ ਚੱੜਦੀ ਜਾਵੇ ।

ਉਹ ਪਾਵੇ ਪਾਵੇ ਪਾਵੇ, ਉਹ ਪਾਵੇ ਪਾਵੇ ਪਾਵੇ ।
ਪਹਿਲਾ **ILU-ILU (I love you)** ਲਿੱਖੀ ਜਾਵੇ ।
ਫਿਰ **IKU-IKU (I kiss you)** ਦੇ **smiles** ਭੇਜੀ ਜਾਵੇ।
ਪਰ ਵਾਰਸ ਸ਼ਾਹ ਨੂੰ ਕੌਣ ਠੱਕਰਾਵੇ ।
ਆਦਤ ਇਹਦੀ ਲਾਰਾ ਲਾਉਣ ਦੀ ਨਾ ਜਾਵੇ ।
**Chat-room** ਚ' ਵੀ **BRB (be right back)** ਲਿਖਕੇ ਵਾਪਸ ਨਾ ਆਵੇ ।

ਦੇਸੀ ਬਾਂਦਰੀ ਹੁਣ ਮਿਤਰੋ, ਬਲੈਤੀ BANJO ਵਜਾਵੇ ।
ਅੰਗਰੇਜੀ ਦੀ ਪਾਣ ਮਿਤਰੋ, ਪੰਜਾਬੀ ਨੂੰ ਚੱੜਦੀ ਜਾਵੇ ।

ਉਹ ਪਾਵੇ ਪਾਵੇ ਪਾਵੇ, ਉਹ ਪਾਵੇ ਪਾਵੇ ਪਾਵੇ ।
ਲੈਲਾ ਮੰਜਨੂੰ ਦੀ, **language** ਆਪਣੀ ਭੁਲਦੀ ਜਾਵੇ ।
ਕਦੇ **doll,** ਤੇ ਕਦੇ **lil-angel** ਅੱਖਵਾਵੇ ।
ਐਮੇ ਹੀ **darling-darling** ਦੀ ਰੱਟ ਲਾਈ ਜਾਵੇ ।
ਮੇਰੀ ਪੰਜਾਬੀ ਨੂੰ, ਉਹ ਲੋਕੋ ਹੁਣ ਕੌਣ ਬਚਾਵੇ ।

ਦੇਸੀ ਬਾਂਦਰੀ ਹੁਣ ਮਿਤਰੋ, ਬਲੈਤੀ BANJO ਵਜਾਵੇ ।
ਅੰਗਰੇਜੀ ਦੀ ਪਾਣ ਮਿਤਰੋ, ਪੰਜਾਬੀ ਨੂੰ ਚੱੜਦੀ ਜਾਵੇ ।

ਉਹ ਪਾਵੇ ਪਾਵੇ ਪਾਵੇ, ਉਹ ਪਾਵੇ ਪਾਵੇ ਪਾਵੇ ।
ਮੰਜਾ ਬੁਣਣਾ ਵੀ, ਨਵੀ ਮੇਮ ਨੂੰ ਨਾ ਆਵੇ ।
ਪੁਰਾਣੇ ਤੱਰਖਾਣ ਮੱਰਗੇ, ਮੰਜਾ ਠੋਕਣਾ ਵੀ ਕਿਸੇ ਨੂੰ ਨਾ ਆਵੇ ।
ਅੱਜ ਦੀ ਮੇਮ ਮਿੱਤਰੋ, ਬਲੈਤੀ-**Bed** ਤੇ ਹੀ ਸੌ ਜਾਵੇ ।
ਕਦੇ ਹੱਢ ਦੁਖਦੇ, ਤੇ ਕਦੇ ਮੌਰ ਦੁਖਦੇ ਦਾ ਬਹਾਨਾ ਲਾਵੇ ।
ਪੀਤੀ **Blue-Wine** ਦਾ, ਨੱਸਾ ਯਾਂਰਾ ਦਾ ਉਤਰਦਾ ਜਾਵੇ ।

ਦੇਸੀ ਬਾਂਦਰੀ ਹੁਣ ਮਿਤਰੋ, ਬਲੈਤੀ BANJO ਵਜਾਵੇ ।
ਅੰਗਰੇਜੀ ਦੀ ਪਾਣ ਮਿਤਰੋ, ਪੰਜਾਬੀ ਨੂੰ ਚੱੜਦੀ ਜਾਵੇ ।

ਉਹ ਪਾਵੇ ਪਾਵੇ ਪਾਵੇ, ਉਹ ਪਾਵੇ ਪਾਵੇ ਪਾਵੇ ।
ਹੁੱਦੀ ਸੀ ਹੀਰ ਰਾਝੇ ਦੀ, ਜੋ ਯਾਰੀ **end** ਤੱਕ ਨਿਵਾਵੇ ।
ਰਾਝਾ-ਰਾਝਾ ਕਰਦੀ ਦੀ, ਉਹਦੀ ਰੂਹ ਰਾਝਾ ਹੁੰਦੀ ਜਾਵੇ ।
ਅੱਜ ਦੀ ਮੇਮ ਦੀ, ਜੇ **bed-tea** ਪਿੱਛੇ ਲੜਾਈ ਹੋ ਜਾਵੇ ।
**Lunch** ਤੋ ਪਹਿਲਾ, ਡੱਮਰੂ **divorce** ਦਾ ਵਜਾਵੇ ।
ਕੌਣ ਸਮਝਾਵੇ ਇਸ ਬੇਵਕੂਫ ਨੂੰ, ਉਹ ਲੋਕੋ ਕੌਣ ਸਮਝਾਵੇ ।

ਬਲੈਤੀ ਬੈਜੋ

ਦੇਸੀ ਬਾਂਦਰੀ ਹੁਣ ਮਿਤਰੋ, ਬਲੈਤੀ BANJO ਵਜਾਵੇ ।
ਅੰਗਰੇਜੀ ਦੀ ਪਾਣ ਮਿਤਰੋ, ਪੰਜਾਬੀ ਨੂੰ ਚੱੜਦੀ ਜਾਵੇ ।

ਉਹ ਪਾਵੇ ਪਾਵੇ ਪਾਵੇ, ਉਹ ਪਾਵੇ ਪਾਵੇ ਪਾਵੇ ।
ਹੁੱਦੀ ਸੀ ਸੱਸੀ ਪੁਨੂੰ ਦੀ, ਜੋ **end** ਤੱਕ ਉੂੰਠ ਨੂੰ ਠੱਕਰਾਵੇ ।
ਅੱਜ ਦੀ ਮੇਮ ਮਿਤਰਾ, ਦੇਖ **Airplane** ਤੇ ਚੱੜ ਕੇ ਜਾਵੇ ।
ਕਿਸੇ ਵੀ **passport** ਵਾਲੇ **Sarjinder** ਬੁੜੇ ਨਾਲ
ਵਿਆਹ ਕਰਨ ਲਈ ਰਾਜੀ ਹੋ ਜਾਵੇ ।
ਕੌਣ ਸਮਝਾਵੇ ਇਸ ਬੇਵਕੂਫ ਨੂੰ, ਉਹ ਲੋਕੋ ਕੌਣ ਸਮਝਾਵੇ ।

ਦੇਸੀ ਬਾਂਦਰੀ ਹੁਣ ਮਿਤਰੋ, ਬਲੈਤੀ BANJO ਵਜਾਵੇ ।
ਅੰਗਰੇਜੀ ਦੀ ਪਾਣ ਮਿਤਰੋ, ਪੰਜਾਬੀ ਨੂੰ ਚੱੜਦੀ ਜਾਵੇ ।

ਉਹ ਪਾਵੇ ਪਾਵੇ ਪਾਵੇ, ਉਹ ਪਾਵੇ ਪਾਵੇ ਪਾਵੇ ।
ਹਾਸਾ ਠੱਠਾ ਬਹੁਤ ਹੋ ਗਿਆ, ਹੁਣ ਗੱਲ ਕੰਮ ਦੀ ਕੀਤੀ ਜਾਵੇ ।
ਮਾੜੇ ਵਕਤ ਨੇ, ਵੰਡ ਦਿਤੇ ਸੀ ਪੰਜਾਬੀ ਦੇ ਵਣਜਾਰੇ ।
ਇਕ ਉੜਦੂ ਤੇ ਦੂਜਾ ਹਿਦੀ ਚ' ਪੰਜਾਬੀ ਲਿਖੀ ਜਾਵੇ।
ਨਵੀ **generation** ਨੂੰ ਹੁਣ ਕੁਝ ਸੰਮਝ ਨਾ ਆਵੇ ।
ਇਹ ਪੰਜਾਬੀ ਨੂੰ **roman** ਦਾ ਰੰਗ ਚੜਾਈ ਜਾਵੇ ।
ਤਿੰਨ ਮਾਵਾ ਹੋਈਆ ਪੰਜਾਬੀ ਦੀਆ,
ਸੁਣ **Sarjinder** ਨੂੰ, ਘਬਰਾਹਟ ਜਹੀ ਹੋਈ ਜਾਵੇ ।
ਮੇਰੀ ਪੰਜਾਬੀ ਨੂੰ, ਉਹ ਲੋਕੋ ਹੁਣ ਕੌਣ ਬਚਾਵੇ ।

ਦੇਸੀ ਬਾਂਦਰੀ ਹੁਣ ਮਿਤਰੋ, ਬਲੈਤੀ BANJO ਵਜਾਵੇ ।
ਅੰਗਰੇਜੀ ਦੀ ਪਾਣ ਮਿਤਰੋ, ਪੰਜਾਬੀ ਨੂੰ ਚੱੜਦੀ ਜਾਵੇ ।

**Archived at (24/12/2005): www.geocities.com/new_punjabi_songs**
**Written by: Dr. Sarjinder Singh, Assistant Professor, St. Cloud State University, St. Cloud, MN, USA**
**Note: All opinions are of author's own.**